# COVID-19 ਦੀ ਪ੍ਰਤੀਕਿਰਿਆ ਵਿੱਚ, ਬ੍ਰੈਂਪਟਨ ਟ੍ਰਾਂਜ਼ਿਟ ਵਿੱਚ 13 ਅਪ੍ਰੈਲ ਨੂੰ ਲਾਗੂ ਹੋਣ ਵਾਲੀਆਂ ਤਬਦੀਲੀਆਂ ਅਤੇ ਗੁੱਡ ਫ੍ਰਾਈਡੇ ਸੇਵਾ ਸਬੰਧੀ ਵੇਰਵੇ

ਬ੍ਰੈਂਪਟਨ, ਓਨਟੈਰੀਓ (7 ਅਪ੍ਰੈਲ, 2020) – COVID-19 (ਸੀ.ਓ.ਵੀ.ਆਈ.ਡੀ.-19) ਦੀ ਪ੍ਰਤੀਕਿਰਿਆ ਵਿੱਚ ਅਤੇ ਇਹ ਯਕੀਨੀ ਬਣਾਉਣ ਲਈ ਕਿ ਬ੍ਰੈਂਪਟਨ ਟ੍ਰਾਂਜ਼ਿਟ (Brampton Transit), ਆਪਣੇ ਭਾਈਚਾਰੇ ਨੂੰ ਸੁਰੱਖਿਅਤ ਰੂਪ ਨਾਲ ਸੇਵਾ ਦੇ ਰਿਹਾ ਹੈ, ਸੋਮਵਾਰ, 13 ਅਪ੍ਰੈਲ ਤੋਂ ਸ਼ੁਰੂ ਕਰਦੇ ਹੋਏ, ਬੱਸ ਸੇਵਾ ਵਿੱਚ, ਅਗਲੇ ਨੋਟਿਸ ਤੱਕ ਇਸ ਤਰ੍ਹਾਂ ਤਬਦੀਲੀ ਹੋਵੇਗੀ।

**ਹੇਠਾਂ ਦਿੱਤੇ ਗਏ ਰੂਟਾਂ ਤੇ ਇਸ ਸ਼ੈਡਿਊਲ ਮੁਤਾਬਕ ਬੱਸਾਂ ਚੱਲਣਗੀਆਂ:**

- **ਸੋਮਵਾਰ ਤੋਂ ਸ਼ਨੀਵਾਰ** – ਬੱਸਾਂ, ਵਧੀ ਹੋਈ ਐਤਵਾਰ ਵਾਲੀ ਸੇਵਾ ਤੇ ਚੱਲਣਗੀਆਂ (ਵੱਧ ਵਿਅਸਤ ਰੂਟਾਂ ਤੇ ਸਵੇਰੇ ਅਤੇ ਸ਼ਾਮ ਦੇ ਪੀਕ ਪੀਰੀਅਡਸ (Peak Periods) ਦੇ ਦੌਰਾਨ ਵਾਧੂ ਟ੍ਰਿਪਾਂ ਦੇ ਨਾਲ ਨਿਯਮਿਤ ਐਤਵਾਰ ਵਾਲੀ ਸੇਵਾ, ਜਿਸ ਵਿੱਚ ਹਫ਼ਤੇ ਦੇ ਨਿਯਮਿਤ ਟ੍ਰਿਪ ਸਮਿਆਂ ਵਾਂਗ ਹੀ ਜਲਦੀ ਦੀਆਂ ਟ੍ਰਿਪਾਂ ਸ਼ਾਮਲ ਹੋਣਗੀਆਂ)
- **ਐਤਵਾਰ** – ਬੱਸਾਂ, ਐਤਵਾਰ ਵਾਲੀ ਸੇਵਾ ਤੇ ਚੱਲਣਗੀਆਂ, ਜਿਸ ਵਿੱਚ ਕੁਝ ਰੱਦ ਕੀਤੇ ਗਏ ਰੂਟ ਸ਼ਾਮਲ ਹਨ

- 501 ਜ਼ੂਮ ਕਵੀਨ (501 Züm Queen) (ਸਿਰਫ਼ ਹਾਈਵੇ 7 (Highway 7) ਤੋਂ ਵੌਨ ਮੈਟਰੋਪੋਲੀਟਨ ਸੈਂਟਰ (Vaughan Metropolitan Centre) ਤੱਕ)
- 502 ਜ਼ੂਮ ਮੇਨ (502 Züm Main)
- 511/511A ਜ਼ੂਮ ਸਟੀਲਸ (511/511A Züm Steeles)
- 1 ਕਵੀਨ (1 Queen)
- 2 ਮੇਨ (2 Main)
- 3/3A ਮੈਕਲੌਗਲਿਨ (3/3A McLaughlin)
- 4/4A ਚਿੰਗਕੂਜ਼ੀ (4/4A Chinguacousy)
- 5 ਬੋਵੇਅਰਡ (5 Bovaird)
- 6 ਜੇਮਸ ਪੋਟਰ (6 James Potter) – ਸਿਰਫ਼ ਪੀਕ ਸਰਵਿਸ ਅਤੇ ਕੋਈ ਐਤਵਾਰ ਵਾਲੀ ਸੇਵਾ ਨਹੀਂ
- 7/7A ਕੈਨੇਡੀ (7/7A Kennedy)
- 10 ਇੰਡਸਟ੍ਰੀਅਲ (10 Industrial) – ਸਿਰਫ਼ ਸੋਮਵਾਰ ਤੋਂ ਸ਼ੁੱਕਰਵਾਰ ਵਾਲੀ ਸੇਵਾ
- 11/11A ਸਟੀਲਸ (11/11A Steeles)
- 14/14A ਟੋਰਬਰੈਮ (14/14A Torbram)
- 15 ਬ੍ਰੈਮਲੀ (15 Bramalea)
- 18 ਡਿਕਸੀ (18 Dixie)
- 20 ਈਸਟ ਇੰਡਸਟ੍ਰੀਅਲ (20 East Industrial) – ਸਿਰਫ਼ ਸੋਮਵਾਰ ਤੋਂ ਸ਼ੁੱਕਰਵਾਰ ਵਾਲੀ ਸੇਵਾ
- 23 ਸੈਂਡਲਵੁੱਡ (23 Sandalwood)

- 26 ਮਾਉਂਟ ਪਲੈਜ਼ੈਂਟ (26 Mount Pleasant) – ਸਿਰਫ਼ ਸ਼ਾਮ 7 ਵਜੇ ਤੱਕ ਸੇਵਾ ਅਤੇ ਕੋਈ ਐਤਵਾਰ ਵਾਲੀ ਸੇਵਾ ਨਹੀਂ
- 29 ਵਿਲੀਅਮਸ ਪਾਰਕਵੇ (29 Williams Parkway) – ਸਿਰਫ਼ ਪੀਕ ਸਰਵਿਸ ਅਤੇ ਕੋਈ ਐਤਵਾਰ ਵਾਲੀ ਸੇਵਾ ਨਹੀਂ
- 30 ਏਅਰਪੋਰਟ ਰੋਡ (30 Airport Road)
- 31 ਮੈਕਵੀਨ (31 McVean) – ਸਿਰਫ਼ ਪੀਕ ਸਰਵਿਸ ਅਤੇ ਕੋਈ ਐਤਵਾਰ ਵਾਲੀ ਸੇਵਾ ਨਹੀਂ
- 50 ਗੋਰ ਰੋਡ (50 Gore Road)
- 51 ਹੈਰਫੋਰਡ (51 Hereford) - ਸਿਰਫ਼ ਪੀਕ ਸਰਵਿਸ ਅਤੇ ਕੋਈ ਐਤਵਾਰ ਵਾਲੀ ਸੇਵਾ ਨਹੀਂ
- 53 ਰੇ ਲਾੱਸਨ (53 Ray Lawson) (ਕੋਈ ਐਤਵਾਰ ਵਾਲੀ ਸੇਵਾ ਨਹੀਂ)
- 56 ਕਿੰਗਨੋਲ (56 Kingknoll) (ਕੋਈ ਐਤਵਾਰ ਵਾਲੀ ਸੇਵਾ ਨਹੀਂ)
- 60 ਮਿਸੀਸਾਗਾ ਰੋਡ (60 Mississauga Road) – ਸੋਮਵਾਰ ਤੋਂ ਸ਼ੁੱਕਰਵਾਰ ਤੱਕ, ਸਿਰਫ਼ ਪੀਕ ਸਰਵਿਸ ਅਤੇ ਕੋਈ ਸ਼ਨੀਵਾਰ/ਐਤਵਾਰ ਵਾਲੀ ਸੇਵਾ ਨਹੀਂ
- 115 ਏਅਰਪੋਰਟ ਐਕਸਪ੍ਰੈਸ (115 Airport Express)

ਰੱਦ ਕੀਤੇ ਗਏ ਰੂਟਾਂ ਦੀ ਸੂਚੀ ਲਈ www.bramptontransit.com ਤੇ ਜਾਓ।

ਵਾਧੂ ਸਵਾਰੀਆਂ ਲੈਣ ਅਤੇ ਸਰੀਰਕ ਦੂਰੀ ਜਿਹੇ ਉਪਾਵਾਂ ਦਾ ਸਮਰਥਨ ਕਰਨ ਲਈ, ਜ਼ੂਮ (Züm) ਆਰਟੀਕੁਲੇਟਿਡ ਬੱਸਾਂ ਨੂੰ ਹੋਰ ਰੂਟਾਂ ਤੇ ਲਗਾਇਆ ਜਾ ਸਕਦਾ ਹੈ।

ਇਹ ਤਬਦੀਲੀਆਂ, ਬ੍ਰੈਂਪਟਨ ਟ੍ਰਾਂਜ਼ਿਟ ਦੇ ਕੁਝ ਵਿਅਸਤ ਰੂਟਾਂ ਲਈ ਵਾਧੂ ਸਰੋਤਾਂ ਨੂੰ ਦੁਬਾਰਾ ਵੰਡਣ ਲਈ ਲਾਗੂ ਹੋਣਗੀਆਂ ਕਿਉਂਕਿ ਅਸੀਂ ਸਰੀਰਕ ਦੂਰੀ ਜਿਹੇ ਉਪਾਵਾਂ ਦਾ ਸਮਰਥਨ ਕਰਨ ਲਈ ਬੱਸਾਂ ਵਿੱਚ ਅੱਧੀਆਂ ਸੀਟਾਂ ਤੇ ਹੀ ਸਵਾਰੀਆਂ ਲੈ ਰਹੇ ਹਾਂ। ਸਾਡਾ ਟੀਚਾ ਹੈ ਕਿ ਅਸੀਂ ਵਸੀਲਿਆਂ ਦੇ ਮੁਤਾਬਕ ਵੱਧ ਤੋਂ ਵੱਧ ਸੇਵਾ ਪ੍ਰਦਾਨ ਕਰੀਏ ਅਤੇ ਇਹ ਯਕੀਨੀ ਬਣਾਈਏ ਕਿ ਸਿਟੀ ਦੇ ਸਾਰੇ ਖੇਤਰਾਂ ਵਿੱਚ, ਪਬਲਿਕ ਟ੍ਰਾਂਜ਼ਿਟ ਤੱਕ ਲੋਕਾਂ ਦੀ ਉਚਿਤ ਪਹੁੰਚ ਹੋਵੇ।

**ਗੁੱਡ ਫ੍ਰਾਈਡੇ ਸੇਵਾ –10 ਅਪ੍ਰੈਲ**

ਬ੍ਰੈਂਪਟਨ ਟ੍ਰਾਂਜ਼ਿਟ, ਗੁੱਡ ਫ੍ਰਾਈਡੇ (Good Friday) ਲਈ ਘਟਾਈ ਗਈ ਐਤਵਾਰ/ਛੁੱਟੀ ਵਾਲੀ ਸੇਵਾ ਤੇ ਚੱਲੇਗੀ। ਘਟਾਈ ਗਈ ਐਤਵਾਰ/ਛੁੱਟੀ ਵਾਲੀ ਸੇਵਾ ਅਤੇ ਰੂਟਾਂ ਦੇ ਰੱਦ ਹੋਣ ਬਾਰੇ ਵੇਰਵੇ, www.bramptontransit.com ਤੇ ਉਪਲਬਧ ਹਨ।

ਸੰਪਰਕ ਕੇਂਦਰ (Contact Centre) ਖੁੱਲ੍ਹਾ ਰਹੇਗਾ। ਸਵਾਰੀਆਂ ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ, ਸਹਾਇਤਾ ਲਈ 905.874.2999 ਤੇ ਫੋਨ ਕਰ ਸਕਦੀਆਂ ਹਨ।

ਬ੍ਰੈਂਪਟਨ ਟ੍ਰਾਂਜ਼ਿਟ ਦੀਆਂ ਫੈਸਿਲਿਟੀਜ ਅਤੇ ਟਰਮੀਨਲਾਂ ਤੇ ਗਾਹਕ ਸੇਵਾ (Customer Service) ਕਾਉਂਟਰ, ਪਬਲਿਕ ਲਈ ਬੰਦ ਕਰ ਦਿੱਤੇ ਗਏ ਹਨ।

**COVID-19 ਤੋਂ ਸੁਰੱਖਿਆ ਉਪਾਅ**

ਵੱਧ ਵਾਰ ਸਫਾਈ ਅਤੇ ਰੋਗਾਣੂ ਮੁਕਤ ਕਰਨ ਦਾ ਸ਼ੈਡਿਊਲ ਪਹਿਲਾਂ ਵਾਂਗ ਹੀ ਪ੍ਰਭਾਵੀ ਰਹੇਗਾ। ਹਰ 48 ਘੰਟਿਆਂ ਵਿੱਚ ਸਾਰੀਆਂ ਠੋਸ ਸਤ੍ਹਾਵਾਂ, ਓਪਰੇਟਰ ਕੰਪਾਰਮੈਂਟਸ ਅਤੇ ਸੀਟਾਂ ਨੂੰ ਰੋਗਾਣੂ ਮੁਕਤ ਕਰਨਾ, ਬ੍ਰੈਂਪਟਨ ਟ੍ਰਾਂਜ਼ਿਟ ਦਾ ਟੀਚਾ ਹੈ। ਇਸ ਵੇਲੇ ਬੱਸਾਂ ਨੂੰ ਹਰੇਕ 24 ਘੰਟਿਆਂ ਵਿੱਚ ਰੋਗਾਣੂ ਮੁਕਤ ਕੀਤਾ ਜਾ ਰਿਹਾ ਹੈ। ਜਿਹਨਾਂ ਫੈਸਿਲਿਟੀਜ ਅਤੇ ਟਰਮੀਨਲਾਂ ਦੀਆਂ ਠੋਸ ਸਤ੍ਹਾਵਾਂ ਹਨ, ਉਹਨਾਂ ਨੂੰ ਰੋਜ਼ਾਨਾ ਪੂੰਝਿਆ ਜਾ ਰਿਹਾ ਹੈ ਅਤੇ ਰੋਗਾਣੂ ਮੁਕਤ ਕੀਤਾ ਜਾ ਰਿਹਾ ਹੈ।

ਸਵਾਰੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਫ਼ਰ ਕਰਦੇ ਸਮੇਂ ਹੈਂਡ ਸੈਨੀਟਾਈਜ਼ਰ ਜਾਂ ਵਾਈਪਸ ਜਿਹੇ, ਖੁਦ ਦੇ ਰੋਗਾਣੂ-ਨਾਸ਼ਕ ਪਦਾਰਥ ਆਪਣੇ ਨਾਲ ਰੱਖਣ ਅਤੇ ਵਾਰ-ਵਾਰ ਆਪਣੇ ਹੱਥ ਧੋਣ।

ਸਿਟੀ ਆਫ ਬ੍ਰੈਂਪਟਨ, ਜੋਖਮਾਂ ਦਾ ਲਗਾਤਾਰ ਨਿਰੀਖਣ ਕਰਨ ਲਈ ਪੀਲ ਪਬਲਿਕ ਹੈਲਥ (Peel Public Health) ਅਤੇ ਬ੍ਰੈਂਪਟਨ ਐਮਰਜੈਂਸੀ ਮੈਨੇਜਮੈਂਟ ਆਫਿਸ (Brampton Emergency Management Office) ਵਿਖੇ ਆਪਣੇ ਭਾਈਵਾਲਾਂ ਦੇ ਨਾਲ ਮਿਲ ਕੇ ਕੰਮ ਕਰ ਰਹੀ ਹੈ। ਨਿਯਮਿਤ ਅੱਪਡੇਟਾਂ ਲਈ www.brampton.ca/covid19 ਤੇ ਜਾਓ ਅਤੇ ਸੇਵਾ ਅੱਪਡੇਟਾਂ ਲਈ bramptontransit.com ਤੇ ਜਾਓ ਜਾਂ Twitter ਤੇ @bramptontransit ਨੂੰ ਫਾੱਲੋ ਕਰੋ। ਸਵਾਲ ਸਿੱਧੇ ਬ੍ਰੈਂਪਟਨ ਟ੍ਰਾਂਜ਼ਿਟ ਦੇ ਸੰਪਰਕ ਕੇਂਦਰ ਵਿਖੇ 905-874-2999 ਤੇ ਪੁੱਛੇ ਜਾ ਸਕਦੇ ਹਨ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca